ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
ਨੇੜੇ ਗੁਰੁਦੁਆਰਾ ਸਾਚਾ ਧੰਨ ਸਾਹਿਬ,
(ਮਾਈਕਰੋਸਾਫ਼ਟ ਬਿਲਿਡਿੰਗ)
ਫੇਜ਼ 3 ਬੀ-1, ਐਸ.ਏ.ਐਸ.ਨਗਰ (ਮੋਹਾਲੀ) ਪਿੰਨ 160055
Website:-www.educationrecruitmentboard.com

ਨੰਬਰ: 8/23-2022-275235(ਭ.ਡ.-7)/2022214409 ਮਿਤੀ 13.08.2022

# ਪਬਲਿਕ ਨੋਟਿਸ

ਸਿੱਖਿਆ ਵਿਭਾਗ ਪੰਜਾਬ ਵਿੱਚ ਮਾਸਟਰ ਕਾਡਰ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਦੀਆਂ 4767 ਅਸਾਮੀਆਂ ਦੀ ਭਰਤੀ ਸਬੰਧੀ ਕੰਡਕਟ ਕੀਤੇ ਜਾ ਰਹੇ ਲਿਖਤੀ ਟੈਸਟ ਵਿੱਚ ਨੇਤਰਹੀਣ/ਅੰਸ਼ਿਕ ਨੇਤਰਹੀਣ ਅਤੇ ਪੜ੍ਹਨ-ਲਿਖਣ ਤੋਂ ਅਸਮਰੱਥ ਉਮੀਦਵਾਰ, ਜਿਨ੍ਹਾਂ ਨੂੰ ਲਿਖਾਰੀ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਇਸ ਦਫਤਰ ਵੱਲੋਂ ਨਾਲ ਨੱਥੀ ਕੀਤੀਆਂ ਹਦਾਇਤਾਂ ਅਨੁਸਾਰ ਲਿਖਾਰੀ ਇਸ ਦਫਤਰ ਦੀ ਮਨਜ਼ੂਰੀ ਨਾਲ ਦਿੱਤੇ ਜਾਣੇ ਹਨ। ਅਜਿਹੇ ਉਮੀਦਵਾਰਾਂ ਨੂੰ ਹੇਠ ਲਿਖੀਆਂ ਮਿਤੀਆਂ ਅਨੁਸਾਰ ਦਫਤਰ, ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ (ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ਼-3ਬੀ-1) ਐਸ.ਏ.ਐਸ.ਨਗਰ ਵਿਖੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਲਿਖਾਰੀ ਸਬੰਧੀ ਸਰਟੀਫਿਕੇਟ ਪ੍ਰਾਪਤ ਕਰਨਗੇ।

| ਲਿਖਤੀ ਟੈਸਟ ਦੀ ਮਿਤੀ | ਵਿਸ਼ਾ | ਲਿਖਾਰੀ ਸਬੰਧੀ ਸਰਟੀਫਿਕੇਟ ਪ੍ਰਾਪਤ ਕਰਨ ਦੀ ਮਿਤੀ | ਸਮਾਂ |
|---|---|---|---|
| 21-08-2022 | ਸ਼ੋਸ਼ਲ ਸਾਇੰਸ ਅਤੇ ਪੰਜਾਬੀ | 18-08-2022 | ਸਵੇਰੇ 10:00 ਤੋਂ ਸ਼ਾਮ 5:00 ਵਜੇ ਤੱਕ |
| 28-08-2022 | ਮੈਥ ਅਤੇ ਹਿੰਦੀ | 25-08-2022 | |
| 04-09-2022 | ਅੰਗਰੇਜ਼ੀ | | |
| 18-09-2022 | ਸਾਇੰਸ ਅਤੇ ਮਿਊਜ਼ਿਕ | | |

ਨੋਟ:- ਜਿਹੜੇ ਉਮੀਦਵਾਰ ਇਸ ਦਫਤਰ ਤੋਂ ਸਰਟੀਫਿਕੇਟ ਲੈਣ ਤੋਂ ਅਸਮਰੱਥ ਰਹੇ, ਉਨ੍ਹਾਂ ਉਮੀਦਵਾਰਾਂ ਨੂੰ ਲਿਖਤੀ ਟੈਸਟ ਵਿੱਚ ਆਪਣੇ ਤੌਰ ਤੇ ਲਿਆਂਦੇ ਲਿਖਾਰੀ ਨੂੰ ਪ੍ਰੀਖਿਆ ਕੇਂਦਰ ਵਿੱਚ ਲਿਜਾਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਜੇਕਰ ਕਿਸੇ ਉਮੀਦਵਾਰ ਨੇ ਇੱਕ ਤੋਂ ਵਧੇਰੇ ਵਿਸ਼ਿਆਂ ਲਈ ਅਪਲਾਈ ਕੀਤਾ ਹੈ ਤਾਂ ਉਹ ਲਿਖਾਰੀ ਸਬੰਧੀ ਹਰ ਵਿਸ਼ੇ ਲਈ ਵੱਖਰੇ-ਵੱਖਰੇ ਤੌਰ ਤੇ ਅਪਲਾਈ ਕਰੇਗਾ, ਪ੍ਰੰਤੂ ਸਾਰੇ ਅਪਲਾਈ ਕੀਤੇ ਵਿਸ਼ਿਆਂ ਲਈ Same Scribe (ਲਿਖਾਰੀ) ਹੀ ਲੈ ਸਕਦਾ ਹੈ। ਹਰ ਵਿਸ਼ੇ ਲਈ ਵੱਖੋ-ਵੱਖਰੇ ਲਿਖਾਰੀ ਦਾ ਪ੍ਰਬੰਧ ਕਰਨ ਦੀ ਲੋੜ ਨਹੀਂ ਹੈ।

ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ ਐਸ.ਏ.ਐਸ.ਨਗਰ।

# ਉਮੀਦਵਾਰ ਅਤੇ ਲਿਖਾਰੀ ਲਈ ਹਦਾਇਤਾਂ

(ਸਿੱਖਿਆ ਵਿਭਾਗ ਪੰਜਾਬ ਵਿੱਚ ਮਾਸਟਰ ਕਾਡਰ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਦੀਆਂ 4767 ਅਸਾਮੀਆਂ ਦੀ ਭਰਤੀ ਸਬੰਧੀ ਕੰਡਕਟ ਕੀਤੇ ਜਾ ਰਹੇ ਲਿਖਤੀ ਟੈਸਟ ਨੇਤਰਹੀਣ ਅਤੇ ਲਿਖਣ ਤੋਂ ਅਸਮਰੱਥ ਉਮੀਦਵਾਰਾਂ ਲਈ )

ਉਹ ਉਮੀਦਵਾਰ ਜੋ ਨੇਤਰਹੀਣ ਅਤੇ ਲਿਖਣ ਤੋਂ ਅਸਮਰੱਥ ਹਨ, ਇਮਤਿਹਾਨ ਦੌਰਾਨ ਲਿਖਾਰੀ ਦੀ ਵਰਤੋਂ ਹੇਠ ਲਿਖੀਆਂ ਹਦਾਇਤਾਂ ਅਨੁਸਾਰ ਕਰ ਸਕਦਾ ਹੈ:-

1. ਸਰੀਰਕ ਅਸਮੱਰਥਾ ਵਾਲਾ ਉਮੀਦਵਾਰ ਆਪਣਾ ਸਰੀਰਕ ਅਸਮੱਰਥਾ ਵਾਲਾ ਸਰਟੀਫਿਕੇਟ ਸਰਕਾਰੀ ਗਜ਼ਟਿਡ ਮੈਡੀਕਲ ਅਫਸਰ ਤੋਂ ਲਿਖਾਰੀ ਦੀ ਲੋੜ ਸਬੰਧੀ ਤਸਦੀਕ ਕਰਵਾਏਗਾ ਅਤੇ ਇਹ ਸਰਟੀਫਿਕੇਟ ਜਮ੍ਹਾਂ ਕਰਨ ਉਪਰੰਤ ਹੀ ਲਿਖਾਰੀ ਦੀ ਵਰਤੋਂ ਦੀ ਆਗਿਆ ਦਿੱਤੀ ਜਾਵੇਗੀ।
2. ਪੰਜਾਬ ਸਰਕਾਰ ਦੁਆਰਾ ਸਰੀਰਕ ਅਸਮੱਰਥਾ ਵਾਲੇ ਵਿਅਕਤੀਆਂ ਦੀ ਭਰਤੀ ਸਮੇਂ ਨਿਰਧਾਰਿਤ ਹਦਾਇਤਾਂ ਅਨੁਸਾਰ ਲਿਖਾਰੀ ਦੀ ਯੋਗਤਾ ਪੂਰੀ ਕਰਦਾ ਹੋਵੇ।
3. ਉਮੀਦਵਾਰ ਲਿਖਾਰੀ ਦਾ ਪ੍ਰਬੰਧ ਪੂਰੀ ਤਰ੍ਹਾਂ ਆਪਣੀ ਜ਼ਿੰਮੇਵਾਰੀ ਤੇ ਕਰੇਗਾ।
4. ਲਿਖਾਰੀ ਕਿਸੇ ਵੀ ਵਿਦਿਅਕ ਗਰੁੱਪ/ਸਟਰੀਮ ਦਾ ਹੋ ਸਕਦਾ ਹੈ ਪਰ ਉਸਦੀ ਵਿਦਿਅਕ ਯੋਗਤਾ ਉਮੀਦਵਾਰ ਦੀ ਵਿਦਿਅਕ ਯੋਗਤਾ ਅਤੇ ਪੋਸਟ ਲਈ ਲੋੜੀਂਦੀ ਵਿਦਿਅਕ ਯੋਗਤਾ ਤੋਂ ਜ਼ਰੂਰੀ ਤੌਰ ਤੇ ਘੱਟ ਹੋਣੀ ਲਾਜ਼ਮੀ ਹੈ।
5. ਸਰੀਰਕ ਅਸਮਰੱਥਾ ਵਾਲੇ ਉਮੀਦਵਾਰ ਦੇ ਲਿਖਾਰੀ ਨੂੰ ਪ੍ਰੀਖਿਆ ਦੇ ਹਰ ਇਕ ਘੰਟੇ ਦੇ ਪਿੱਛੋਂ 20 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਵੇਗਾ।
6. ਲਿਖਾਰੀ ਉਮੀਦਵਾਰ ਦਾ ਨਜ਼ਦੀਕੀ ਰਿਸ਼ਤੇਦਾਰ ਨਾ ਹੋਵੇ।
7. ਲਿਖਾਰੀ ਅਧਿਆਪਕ/ਮਾਸਟਰ/ਲੈਕਚਰਾਰ ਜਾਂ ਕਿਸੇ ਵੀ ਅਧਿਆਪਨ ਦੇ ਕਿੱਤੇ ਨਾਲ ਸਬੰਧ ਨਾ ਰੱਖਦਾ ਹੋਵੇ।
8. ਜੇਕਰ ਉਮੀਦਵਾਰ ਨੇ ਇਕ ਤੋਂ ਵੱਧ ਵਿਸ਼ੇ ਦੀਆਂ ਪੋਸਟਾਂ ਵਿਚ ਅਪਲਾਈ ਕੀਤਾ ਹੈ ਤਾਂ ਉਸ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਵੱਖ -ਵੱਖ ਵਿਸ਼ਿਆਂ ਲਈ ਵੱਖ-ਵੱਖ ਸਵੈ-ਘੋਸ਼ਣਾ ਜਮ੍ਹਾਂ ਕਰਵਾਏਗਾ। ਇਸਦੇ ਨਾਲ ਹੀ ਇਹ ਵੀ ਦੱਸਣਯੋਗ ਹੈ ਕਿ ਵੱਖ-ਵੱਖ ਵਿਸ਼ਿਆਂ ਲਈ ਲਿਖਾਰੀ ਇਕ ਹੀ ਹੋਵੇਗਾ।
9. ਉਮੀਦਵਾਰ ਅਤੇ ਲਿਖਾਰੀ ਦੋਵਾਂ ਵੱਲੋਂ ਸਵੈ-ਘੋਸ਼ਣਾ/ਤਸਦੀਕ ਸਰਟੀਫਿਕੇਟ ਜਮ੍ਹਾਂ ਕਰਵਾਇਆ ਜਾਵੇਗਾ ਜਿਸ ਵਿਚ ਲਿਖਾਰੀ ਦੀ ਪਾਸਪੋਰਟ ਸਾਈਜ਼ ਫੋਟੋ, ਉਪਰੋਕਤ ਲਿਖੀਆਂ ਹਦਾਇਤਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੋਣਗੇ। ਇਸਦੇ ਨਾਲ ਜੇਕਰ ਦੋਵੇਂ ਉਪਰੋਕਤ ਯੋਗਤਾਵਾਂ ਨੂੰ ਪੂਰਾ ਨਹੀਂ ਕਰਦੇ ਤਾਂ ਉਮੀਦਵਾਰ ਨੂੰ ਪ੍ਰੀਖਿਆ ਦੌਰਾਨ ਲਿਖਾਰੀ ਲੈਣ ਲਈ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।
10. ਸਿੱਖਿਆ ਭਰਤੀ ਡਾਇਰੈਕਟੋਰੇਟ ਕੋਲ ਲਿਖਾਰੀ ਦੇਣ ਜਾਂ ਨਾਂ ਦੇਣ ਸਬੰਧੀ ਫੈਸਲੇ ਦਾ ਅਧਿਕਾਰ ਅੰਤਿਮ ਹੋਵੇਗਾ।

# ਸਵੈ-ਘੋਸ਼ਣਾ ਪੱਤਰ (ਉਮੀਦਵਾਰ ਅਤੇ ਲਿਖਾਰੀ )

ਉਮੀਦਵਾਰ ਦੀ ਫੋਟੋ

ਲਿਖਾਰੀ ਦੀ ਫੋਟੋ

ਮੈਂ ..........................................................................................ਪੁੱਤਰ/ਪੁੱਤਰੀ ...................................................................................

ਵਸਨੀਕ (..........................................................................................................................................(ਪੂਰਾ ਪਤਾ)

ਨੇ ਪੰਜਾਬ ਰਾਜ ਸਰਕਾਰ ਦੀ ਮਾਸਟਰ ਕਾਡਰ ਅਗਸਤ/ਸਤੰਬਰ 2022 ਦੀ ਹੋਣ ਵਾਲੀ ਲਿਖਤੀ ਪ੍ਰੀਖਿਆ ਵਿਚ ਅਪਲਾਈ ਕੀਤਾ ਹੈ ਅਤੇ ਮੇਰੇ ਵੱਲੋਂ ਸ਼੍ਰੀ/ਸ਼੍ਰੀਮਤੀ/ਕੁਮਾਰੀ ...............................................ਯੋਗ ਲਿਖਾਰੀ (Scribe) ਲਿਖਤੀ ਪ੍ਰੀਖਿਆ ਵਿਚ ਮੇਰੇ ਨਾਲ ਬੈਠਣਗੇ।

ਲਿਖਾਰੀ ਦੀਆਂ ਵੱਧ ਤੋਂ ਵੱਧ ਵਿੱਦਿਅਕ ਯੋਗਤਾਵਾਂ ................................................................................

ਜੇਕਰ ਸਾਡੇ (ਉਮੀਦਵਾਰ ਅਤੇ ਲਿਖਾਰੀ ) ਵੱਲੋਂ ਦਿੱਤੀ ਗਈ ਉਪਰੋਕਤ ਜਾਣਕਾਰੀ ਵਿਚ ਕਿਸੇ ਵੀ ਤਰਾਂ ਦੀ ਤਰੁੱਟੀ ਪਾਈ ਜਾਂਦੀ ਹੈ ਤਾਂ ਉਸ ਸੂਰਤ ਵਿਚ ਸਾਡੀ (ਉਮੀਦਵਾਰ ਅਤੇ ਲਿਖਾਰੀ ) ਦੀ ਪ੍ਰੀਖਿਆ ਵਿਚ ਬੈਠਣ ਦੀ ਯੋਗਤਾ ਰੱਦ ਕਰ ਦਿੱਤੀ ਜਾਵੇ ਅਤੇ ਅਸੀਂ ਬਣਦੀ ਕਾਨੂੰਨੀ ਕਾਰਵਾਈ ਦੇ ਭਾਗੀਦਾਰ ਹੋਵਾਂਗੇ।

ਉਮੀਦਵਾਰ ਦੇ ਹਸਤਾਖਰ

ਪੂਰਾ ਪਤਾ ਅਤੇ ਸੰਪਰਕ ਨੰਬਰ

................................................................................................

................................................................................................

................................................................................................

ਉਮੀਦਵਾਰ ਦਾ ਆਧਾਰ ਕਾਰਡ ਨੰਬਰ

............................................................................

ਲਿਖਾਰੀ ਦੇ ਹਸਤਾਖਰ

ਪੂਰਾ ਪਤਾ ਅਤੇ ਸੰਪਰਕ ਨੰਬਰ

...............................................................................................

...............................................................................................

............................................................................................

ਲਿਖਾਰੀ ਦਾ ਆਧਾਰ ਕਾਰਡ ਨੰਬਰ

..........................................................................

ਜਾਰੀ ਕਰਨ ਵਾਲੇ ਅਧਿਕਾਰੀ